# ਅਕਸਰ ਪੁੱਛੇ ਜਾਣ ਵਾਲੇ ਸਵਾਲ

## NYC ਮਨੁੱਖੀ ਅਧਿਕਾਰਾਂ ਦੇ ਕਨੂੰਨ (NYC Human Rights Law) ਦੇ ਇਸ ਖੇਤਰ ਅਧੀਨ ਕੌਣ ਸੁਰੱਖਿਤ ਹੈ?

ਨਿਊ ਯਾਰਕ ਸ਼ਹਿਰ ਵਿੱਚ ਹਰ ਕੋਈ ਆਪਣੇ ਅਸਲੀ ਜਾਂ ਕਥਿਤ ਨਸਲ, ਰਾਸ਼ਟਰੀ ਮੂਲ, ਰੰਗ, ਧਰਮ, ਉਮਰ, ਜਾਂ ਵਿਦੇਸ਼ੀ ਜਾਂ ਨਾਗਰਿਕਤਾ ਦੀ ਸਥਿਤੀ, ਲਿੰਗ, ਲਿੰਗ ਭੇਦ, ਲਿੰਗਕ ਰੁਝਾਨ, ਅਪੰਗਤਾ ਜਾਂ ਘਰ ਦੀ ਸਥਿਤੀ ਦੇ ਆਧਾਰ ਤੇ ਸੁਰੱਖਿਅਤ ਹੈ। ਘਰ ਦੀ ਸਥਿਤੀ ਉਸ ਜਗ੍ਹਾ ਦੀ ਕਿਸਮ ਨਾਲ ਸੰਬੰਧਿਤ ਹੈ ਜਿੱਥੇ ਤੁਸੀਂ ਰਹਿੰਦੇ ਹੋ – ਜਿਵੇਂ ਕਿ ਨਿੱਜੀ ਇਮਾਰਤ, ਜਨਤਕ ਇਮਾਰਤ, ਜਾਂ ਸ਼ਰਨ ਦੇਣ ਦਾ ਸਿਸਟਮ-ਜਾਂ ਬੇਘਰ ਹੋਣਾ।

## ਕੀ ਪੁਲਿਸ ਦੁਆਰਾ ਬਦਸਲੂਕੀ ਕਰਨ ਸੰਬੰਧੀ ਮਨੁੱਖੀ ਅਧਿਕਾਰਾਂ ਤੇ NYC ਕਮਿਸ਼ਨ (NYC Commission on Human Rights) ਦੁਆਰਾ ਨਜਿੱਠੇ ਜਾਂਦੇ ਹਨ?

ਨਹੀਂ। ਪੁਲਿਸ ਦੁਆਰਾ ਬਦਸਲੂਕੀ ਦੀ ਰਿਪੋਰਟ ਨਾਗਰਿਕ ਸ਼ਿਕਾਇਤ ਸਮੀਖਿਆ ਬੋਰਡ (Civilian Complaint Review Board, CCRB) ਕੋਲ ਕੀਤੀ ਜਾਣੀ ਚਾਹੀਦੀ ਹੈ ਜੋ ਜ਼ਿਆਦਾ ਜਾਂ ਗੈਰਜ਼ਰੂਰੀ ਦਬਾਅ, ਅਧਿਕਾਰਾਂ ਦੀ ਦੁਰਵਰਤੋਂ, ਅਸ਼ਿਸ਼ਟਤਾ, ਜਾਂ NYPD ਦੇ ਅਫਸਰਾਂ ਦੁਆਰਾ ਅਪਮਾਨਜਨਕ ਭਾਸ਼ਾ ਦੀ ਵਰਤੋਂ ਨਾਲ ਸੰਬੰਧਿਤ ਮਾਮਲਿਆਂ ਦੀ ਜਾਂਚ ਕਰਦਾ ਹੈ। ਪਰ, ਤੁਸੀਂ ਮਨੁੱਖੀ ਅਧਿਕਾਰਾਂ ਤੇ NYC ਕਮਿਸ਼ਨ ਕੋਲ ਵੀ ਸ਼ਿਕਾਇਤ ਦਰਜ਼ ਕਰ ਸਕਦੇ ਹੋ, ਜੇ ਬਦਸਲੂਕੀ ਤੁਹਾਡੀ ਨਸਲ, ਰਾਸ਼ਟਰੀ ਮੂਲ, ਰੰਗ, ਧਰਮ, ਉਮਰ, ਜਾਂ ਵਿਦੇਸ਼ੀ ਜਾਂ ਨਾਗਰਿਕਤਾ ਦੀ ਸਥਿਤੀ, ਲਿੰਗ, ਲਿੰਗ ਭੇਦ, ਲਿੰਗਕ ਰੁਝਾਨ, ਅਪੰਗਤਾ ਜਾਂ ਘਰ ਦੀ ਸਥਿਤੀ ਨਾਲ ਜੁੜੀ ਹੋਈ ਹੈ।

## ਕੀ ਮੈਂ ਗੁਮਨਾਮ ਰਿਪੋਰਟ ਕਰ ਸਕਦਾ ਹਾਂ?

ਕਮਿਸ਼ਨ ਨਿਊ ਯਾਰਕ ਨਿਵਾਸੀਆਂ ਨੂੰ ਪੱਖਪਾਤੀ ਕਾਰਵਾਈਆਂ ਦੀ ਰਿਪੋਰਟ ਕਰਨ ਲਈ ਉਤਸਾਹਿਤ ਕਰਦਾ ਹੈ, ਭਾਵੇਂ ਉਹ ਗੁਮਨਾਮ ਰਹਿਣਾ ਚਾਹੁੰਦੇ ਹਨ। ਕਮਿਸ਼ਨ ਤੁਹਾਡੀ ਪਛਾਣ ਪ੍ਰਗਟ ਕੀਤੇ ਬਿਨਾਂ ਆਪਣੀ ਜਾਂਚ ਸ਼ੁਰੂ ਕਰ ਸਕਦਾ ਹੈ।

## ਕੀ ਪਰਿਣਾਮ ਨਿਕਲਦੇ ਹਨ ਜੇ ਮੈਂ ਪੱਖ-ਪਾਤ ਆਧਾਰਿਤ ਪ੍ਰੋਫਾਈਲਿੰਗ ਦਾ ਦਾਅਵਾ ਜਿੱਤ ਜਾਂਦਾ ਹਾਂ?

ਕਨੂੰਨ ਤਹਿਤ, ਜੇ ਇਹ ਪਤਾ ਲਗਦਾ ਹੈ ਕਿ ਕਨੂੰਨ ਪ੍ਰਵਰਤਨ ਪੱਖ-ਪਾਤ ਆਧਾਰਿਤ ਪ੍ਰੋਫਾਈਲਿੰਗ ਵਿੱਚ ਸ਼ਾਮਲ ਸੀ, ਤਾਂ ਕਮਿਸ਼ਨ ਪੁਲਿਸ ਅਫਸਰਾਂ ਨੂੰ ਆਦੇਸ਼ ਦੇ ਸਕਦਾ ਹੈ ਕਿ ਉਹ ਤੁਹਾਨੂੰ ਨਿਸ਼ਾਨਾ ਨਾ ਬਣਾਉਣ ਅਤੇ ਉਨ੍ਹਾਂ ਨੂੰ NYC ਮਨੁੱਖੀ ਅਧਿਕਾਰਾਂ ਦੇ ਕਨੂੰਨ ਤਹਿਤ ਇਸ ਖੇਤਰ ਬਾਰੇ ਸਿੱਖਲਾਈ ਲੈਣ ਦੀ ਲੋੜ ਹੁੰਦੀ ਹੈ। ਇਹ ਯਕੀਨੀ ਬਣਾਉਣ ਲਈ ਏਜੰਸੀ ਨੂੰ ਵਾਧੂ ਕਦਮ ਚੁੱਕਣ ਦੀ ਲੋੜ ਪੈ ਸਕਦੀ ਹੈ ਕਿ ਇਹ ਵਿਹਾਰ ਜਾਰੀ ਨਾ ਰਹੇ। ਇਸ ਤੋਂ ਇਲਾਵਾ, ਇਸ ਲਈ ਅਫਸਰ ਅਤੇ ਏਜੰਸੀ ਦੋਵਾਂ ਤੋਂ ਵਧੀਆ ਨੀਤੀਆਂ ਨੂੰ ਸਥਾਪਿਤ ਕਰਨ ਅਤੇ ਲਾਗੂ ਕਰਨ ਅਤੇ ਮਾੜੀਆਂ ਨੀਤੀਆਂ ਨੂੰ ਛੱਡਣ ਦੀ ਲੋੜ ਹੋ ਸਕਦੀ ਹੈ।

## ਕਿਹੜੀਆਂ ਕਨੂੰਨ ਪ੍ਰਵਰਤਨ ਏਜੰਸੀਆਂ ਕਵਰ ਕੀਤੀਆਂ ਜਾਂਦੀਆਂ ਹਨ?

ਕਨੂੰਨ NYPD ਅਤੇ ਇਸ ਦੇ ਪੁਲਿਸ ਅਫਸਰਾਂ ਨੂੰ ਕਵਰ ਕਰਦਾ ਹੈ। ਇਹ ਸ਼ਹਿਰ ਦੁਆਰਾ ਭਰਤੀ ਕੀਤੇ ਸ਼ਾਂਤੀ ਅਫਸਰਾਂ ਨੂੰ ਵੀ ਕਵਰ ਕਰਦਾ ਹੈ, ਜਿਵੇਂ ਕਿ ਸ਼ੇਰਿਫਸ ਅਤੇ ਸ਼ਹਿਰੀ ਸਹੂਲਤਾਂ ਵਿਚਲੇ ਕੁਝ ਗਾਰਡ। ਇਹ NYPD ਦੁਆਰਾ ਨਿਯੁਕਤ ਕੀਤੇ "ਵਿਸ਼ੇਸ਼ ਪੈਟ੍ਰੋਲਮੈਂਨ" ਤੇ ਵੀ ਲਾਗੂ ਹੁੰਦਾ ਹੈ, ਜਿਵੇਂ ਕਿ ਸਕੂਲ ਸੁਰੱਖਿਆ ਅਫਸਰ।

**311** ਤੇ ਕਾਲ ਕਰੋ ਅਤੇ ਮਨੁੱਖੀ ਅਧਿਕਾਰਾਂ ਤੇ NYC ਕਮਿਸ਼ਨ ਨਾਲ ਗੱਲ ਕਰਨ ਲਈ ਕਹੋ ਜਾਂ ਕਮਿਸ਼ਨ ਨੂੰ **212-416-0197** ਤੇ ਸਿੱਧਾ ਕਾਲ ਕਰੋ ਜੇ ਤੁਹਾਨੂੰ ਲਗਦਾ ਹੈ ਕਿ ਕਿਸੇ ਪੁਲਿਸ ਜਾਂ ਸ਼ਾਂਤੀ ਅਫਸਰ ਨੇ NYC ਮਨੁੱਖੀ ਅਧਿਕਾਰਾਂ ਦੇ ਕਨੂੰਨ ਦੀ ਪੱਖਪਾਤ-ਆਧਾਰਿਤ ਪ੍ਰੋਫਾਈਲਿੰਗ ਦੀ ਰੋਕ ਦੀ ਉਲੰਘਣਾ ਕੀਤੀ ਹੈ।

ਜ਼ਿਆਦਾ ਜਾਂ ਗੈਰਜ਼ਰੂਰੀ ਦਬਾਅ, ਅਧਿਕਾਰਾਂ ਦੀ ਦੁਰਵਰਤੋਂ, ਅਸ਼ਿਸ਼ਟਤਾ, ਜਾਂ NYC ਪੁਲਿਸ ਵਿਭਾਗ (NYC Police Department) ਦੇ ਅਫਸਰਾਂ ਦੁਆਰਾ ਅਪਮਾਨਜਨਕ ਭਾਸ਼ਾ ਦੀ ਵਰਤੋਂ ਸੰਬੰਧੀ ਸ਼ਿਕਾਇਤ ਦਰਜ਼ ਕਰਨ ਲਈ, **NYC.gov/CCRB** ਤੇ ਜਾਓ ਜਾਂ **1-800-341-2272** ਤੇ ਕਾਲ ਕਰੋ।

**@NYCCHR**
**NYC.gov/HumanRights**



NYC ਮਨੁੱਖੀ ਅਧਿਕਾਰਾਂ ਦੇ ਕਨੂੰਨ ਤਹਿਤ

# ਕਨੂੰਨ ਪ੍ਰਵਰਤਨ ਦੁਆਰਾ ਪੱਖਪਾਤ-ਆਧਾਰਿਤ ਪ੍ਰੋਫਾਈਲਿੰਗ



ਮਨੁੱਖੀ ਅਧਿਕਾਰਾਂ ਤੇ ਕਮਿਸ਼ਨ

**@NYCCHR**
**NYC.gov/HumanRights**

NYC ਮਨੁੱਖੀ ਅਧਿਕਾਰਾਂ ਦੇ ਕਨੂੰਨ ਤਹਿਤ

# ਕਨੂੰਨ ਪ੍ਰਵਰਤਨ ਦੁਆਰਾ ਪੱਖਪਾਤ-ਆਧਾਰਿਤ ਪ੍ਰੋਫਾਈਲਿੰਗ

ਇਹ ਉਦੋਂ ਹੁੰਦਾ ਹੈ ਜਦੋਂ ਪੁਲਿਸ ਜਾਂ ਸ਼ਾਂਤੀ ਅਫਸਰ ਤੁਹਾਨੂੰ ਗਿਰਫਤਾਰ ਕਰਨ ਜਾਂ ਕਿਸੇ ਹੋਰ ਅਪਰਾਧਕ ਕਨੂੰਨ ਪ੍ਰਵਰਤਨ ਕਾਰਵਾਈ ਲਈ ਨਿਸ਼ਾਨਾ ਬਣਾਉਂਦੇ ਹਨ, ਇਸ ਲਈ ਨਹੀਂ ਕਿ ਕਿਸੇ ਗੈਰਕਨੂੰਨੀ ਗਤੀਵਿਧੀ ਨਾਲ ਸੰਬੰਧਿਤ ਤੁਹਾਡੇ ਨਾਲ ਜੁੜੀ ਕੋਈ ਵਿਸ਼ੇਸ਼ ਜਾਣਕਾਰੀ ਹੈ, ਬਲਕਿ ਕਨੂੰਨ ਤਹਿਤ ਤੁਹਾਡੇ ਸੁਰੱਖਿਅਤ ਦਰਜ਼ੇ ਕਾਰਨ - ਨਸਲ, ਰਾਸ਼ਟਰੀ ਮੂਲ, ਰੰਗ, ਧਰਮ, ਉਮਰ, ਜਾਂ ਵਿਦੇਸ਼ੀ ਜਾਂ ਨਾਗਰਿਕਤਾ ਦੀ ਸਥਿਤੀ, ਲਿੰਗ, ਲਿੰਗ ਭੇਦ, ਲਿੰਗਕ ਰੁਝਾਨ, ਅਪੰਗਤਾ ਜਾਂ ਘਰ ਦੀ ਸਥਿਤੀ ਦੇ ਆਧਾਰ ਤੇ। ਇਹ ਉਨ੍ਹਾਂ ਨੀਤੀਆਂ ਅਤੇ ਪ੍ਰਕਿਰਿਆਵਾਂ ਤੇ ਵੀ ਲਾਗੂ ਹੋ ਸਕਦਾ ਹੈ ਜੋ ਕਿਸੇ ਖਾਸ ਗਰੁੱਪ ਤੇ ਅਣਉਚਿਤ ਪ੍ਰਭਾਵ ਪਾਉਂਦੀਆਂ ਹਨ, ਭਾਵੇਂ ਉਹ ਉਸ ਗਰੁੱਪ ਨੂੰ ਸਪਸ਼ਟ ਢੰਗ ਨਾਲ ਨਿਸ਼ਾਨਾ ਨਹੀਂ ਬਣਾਉਂਦੀਆਂ।

## ਪੱਖਪਾਤਆਧਾਰਿਤ ਪ੍ਰੋਫਾਈਲਿੰਗ ਨੂੰ ਪਛਾਣਨ ਵਿੱਚ ਤੁਹਾਡੀ ਮਦਦ ਕਰਨ ਲਈ ਬਿਰਤਾਂਤ:

1 ਸਕੂਲ ਤੋਂ ਬਰਖਾਸਤ ਹੋਣ ਤੋਂ ਬਾਅਦ, ਪੁਲਿਸ ਨੇ ਮਿਡਲ ਸਕੂਲ ਦੇ ਅਫ੍ਰੀਕਨ-ਅਮਰੀਕਨ ਵਿਦਿਆਰਥੀਆਂ ਨੂੰ ਗੁਆਂਢ ਛੱਡਣ ਲਈ ਕਿਹਾ। ਉਸੇ ਸਕੂਲ ਦੇ ਸਫੇਦ ਵਿਦਿਆਰਥੀਆਂ ਨੂੰ ਉਸ ਖੇਤਰ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਗਈ।

2 ਇੱਕ ਵੀਕੇਂਡ ਰਾਤ ਨੂੰ, ਦੋ ਔਰਤਾਂ ਇੱਕੋ ਕੋਨੇ ਵਿੱਚ ਖੜ੍ਹੀਆਂ ਆਪਣੇ ਮੋਬਾਈਲ ਫੋਨਾਂ ਦੀ ਜਾਂਚ ਕਰ ਰਹੀਆਂ ਹਨ। ਪਹਿਲੀ, ਵਿਪਰੀਤ ਲਿੰਗੀ (ਹੀਜੜਾ) ਨੂੰ ਅਫਸਰਾਂ ਨੇ ਰੋਕਿਆ ਅਤੇ ਉਸ ਦੀਆਂ ਗਤੀਵਿਧੀਆਂ ਬਾਰੇ ਸਵਾਲ ਪੁੱਛੇ ਅਤੇ ਪਛਾਣ ਦੇਣ ਲਈ ਕਿਹਾ। ਦੂਜੀ, ਜੋ ਸਿਸਜੈਂਡਰ ਲਗਦੀ ਹੈ, ਨੂੰ ਨਾ ਹੀ ਰੋਕਿਆ ਅਤੇ ਨਾ ਹੀ ਸਵਾਲ ਪੁੱਛੇ ਜਾਂ ਪਛਾਣ ਦੇਣ ਲਈ ਕਿਹਾ।

3 ਸ਼ਹਿਰ ਦੇ ਇੱਕ ਪਾਰਕ ਵਿੱਚ, ਅਫਸਰਾਂ ਨੇ ਉਨ੍ਹਾਂ ਲੋਕਾਂ ਨੂੰ ਬੈਂਚਾਂ ਤੋਂ "ਅੱਗੇ ਜਾਣ" ਲਈ ਕਿਹਾ ਜੋ ਬੇਘਰੇ ਲਗਦੇ ਹਨ। ਜੋ ਬੇਘਰੇ ਨਹੀਂ ਲਗਦੇ ਉਨ੍ਹਾਂ ਨੂੰ ਜਾਣ ਲਈ ਨਹੀਂ ਕਿਹਾ। ਇਹ ਜ਼ਿਆਦਾਤਰ ਕਾਲੇ ਬੇਘਰ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ।

4 ਸਬਵੇ ਪ੍ਰਵੇਸ਼ ਖੇਤਰਾਂ ਤੇ ਨਿਯੁਕਤ NYPD ਅਫਸਰਾਂ ਨੇ ਉਨ੍ਹਾਂ ਵਿਅਕਤੀਆਂ ਨੂੰ ਬੈਗ ਦੀ ਜਾਂਚ ਕਰਵਾਉਣ ਲਈ ਕਿਹਾ ਜੋ ਮੁਸਲਮਾਨ, ਅਰਬ ਜਾਂ ਦੱਖਣ ਏਸ਼ੀਆਈ ਲਗਦੇ ਹਨ, ਭਾਵੇਂ ਇਹ ਸੰਕੇਤ ਨਹੀਂ ਹੈ ਕਿ ਇਹ ਵਿਅਕਤੀ ਕਿਸੇ ਗੈਰਕਨੂੰਨੀ ਵਿਹਾਰ ਵਿੱਚ ਸ਼ਾਮਲ ਹਨ। ਦੂਜੇ ਸਬਵੇ ਸਵਾਰਾਂ ਨੂੰ ਬੈਗ ਦੀ ਜਾਂਚ ਕਰਵਾਉਣ ਦੀ ਲੋੜ ਨਹੀਂ ਹੈ।

ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਪੱਖਪਾਤ-ਆਧਾਰਿਤ ਪ੍ਰੋਫਾਈਲਿੰਗ ਦੇ ਪਾਤਰ ਬਣੇ ਹੋ, ਤਾਂ **311** ਤੇ ਕਾਲ ਕਰੋ ਅਤੇ ਮਨੁੱਖੀ ਅਧਿਕਾਰਾਂ ਤੇ NYC ਕਮਿਸ਼ਨ ਨਾਲ ਗੱਲ ਕਰਨ ਲਈ ਕਹੋ ਜਾਂ ਕਮਿਸ਼ਨ ਨੂੰ **212-416-0197** ਤੇ ਸਿੱਧਾ ਕਾਲ ਕਰੋ

## ਕਮਿਸ਼ਨ ਦੁਆਰਾ ਸਾਮਰਿਕ ਕਾਰਵਾਈਆਂ

ਮਨੁੱਖੀ ਅਧਿਕਾਰਾਂ ਤੇ NYC ਕਮਿਸ਼ਨ ਨਿਮਨਲਿਖਤ ਰਾਹੀਂ ਪੱਖਪਾਤ ਆਧਾਰਿਤ ਪ੍ਰੋਫਾਈਲਿੰਗ ਨੂੰ ਰੋਕਣ ਅਤੇ ਇਸ ਵੱਲ ਧਿਆਨ ਦੇਣ ਲਈ ਵਚਨਬੱਧ ਹੈ:

- ਸੰਸਥਾਵਾਂ ਅਤੇ ਜਨਤਾ ਦੇ ਮੈਂਬਰਾਂ ਦੁਆਰਾ ਕੀਤੇ ਦਾਅਵਿਆਂ ਦੀ ਜਾਂਚ ਕਰਕੇ;
- NYC ਮਨੁੱਖੀ ਅਧਿਕਾਰਾਂ ਦੇ ਕਨੂੰਨ ਬਾਰੇ ਨਿਵਾਸੀਆਂ ਨੂੰ ਸਿੱਖਿਅਤ ਕਰਨ ਲਈ ਭਾਈਚਾਰਕ ਸਾਂਝੀਦਾਰਾਂ ਨਾਲ ਕੰਮ ਕਰਕੇ;
- ਕਨੂੰਨ ਸੰਬੰਧਿਤ ਮੁੱਦਿਆਂ ਤੇ NYPD ਨਾਲ ਕੰਮ ਕਰਕੇ; ਅਤੇ
- ਸ਼ਹਿਰੀ ਏਜੰਸੀਆਂ ਨੂੰ ਕਨੂੰਨ ਬਾਰੇ ਸਿੱਖਿਆ ਪ੍ਰਦਾਨ ਕਰਕੇ ਅਤੇ ਅਜਿਹੀਆਂ ਨੀਤੀਆਂ ਬਣਾਉਣ ਲਈ ਉਨ੍ਹਾਂ ਨਾਲ ਕੰਮ ਕਰਕੇ ਜੋ ਵਿਭਿੰਨਤਾ ਅਤੇ ਸੰਮਿਲਨ ਦੇ ਸਿਧਾਂਤਾਂ ਨੂੰ ਗ੍ਰਹਿਣ ਕਰਨ।

